*90 ਵੇਂ ਦਿਨ ਦਾ ਪੱਤਰ-ਅਨੁਕੂਲ ਨਹੀਂ (ਨਿਰਧਾਰਤ ਸਮੇਂ ਤੋਂ ਪਿੱਛੇ ਹੈ ਜਾਂ ਕੋਈ ਰਿਕਾਰਡ ਨਹੀਂ)*

ਮਿਤੀ:

ਸਤਿਕਾਰਯੋਗ ਮਾਤਾ-ਪਿਤਾ:

ਸਾਡੇ ਰਿਕਾਰਡਾਂ ਦੇ ਅਨੁਸਾਰ, ਇਸ ਸਕੂਲੀ ਸਾਲ ਵਿੱਚ ਤੁਹਾਡਾ ਬੱਚਾ Wisconsin Student Immunization Law (ਵਿਸਕੌਂਨਸਿਨ ਵਿਦਿਆਰਥੀ ਇਮਿਊਨੀਜੇਸ਼ਨ ਕਾਨੂੰਨ) ਦੇ ਅਨੁਸਾਰ ਨਹੀਂ ਸੀ। ਇਸਦਾ ਮਤਲਬ ਇਹ ਹੈ ਕਿ ਤੁਹਾਡੇ ਬੱਚੇ ਕੋਲ ਢੁਕਵੇਂ ਟੀਕਾਕਰਨ ਦਸਤਾਵੇਜ਼ ਨਹੀਂ ਸਨ ਅਤੇ ਫਾਈਲ ਵਿੱਚ Vaccination (ਟੀਕਾਕਰਨ) ਤੋਂ Waiver (ਛੋਟ) ਨਹੀਂ ਦਿੱਤੀ ਗਈ।

ਟੀਕਾਕਰਨ ਸਾਡੇ ਬੱਚਿਆਂ ਨੂੰ ਬਿਮਾਰੀਆਂ ਅਤੇ ਇਨ੍ਹਾਂ ਬਿਮਾਰੀਆਂ ਤੋਂ ਹੋਣ ਵਾਲੀਆਂ ਉਲਝਣਾਂ ਤੋਂ ਬਚਾਉਣ ਦੇ ਸਭ ਤੋਂ ਮਹੱਤਵਪੂਰਨ ਤਰੀਕਿਆਂ ਵਿੱਚੋਂ ਇੱਕ ਹੈ। ਟੀਕਾਕਰਨ ਸਕੂਲੀ-ਉਮਰ ਦੇ ਬੱਚਿਆਂ ਵਾਸਤੇ ਵਿਸ਼ੇਸ਼ ਕਰਕੇ ਮਹੱਤਵਪੂਰਨ ਹਨ ਕਿਉਂਕਿ ਸਕੂਲੀ ਬੱਚੇ ਬਕਾਇਦਾ ਤੌਰ 'ਤੇ ਹੋਰਨਾਂ ਦੇ ਨਜ਼ਦੀਕੀ ਸੰਪਰਕ ਵਿੱਚ ਆਉਂਦੇ ਹਨ, ਜੋ ਇਨ੍ਹਾਂ ਬਿਮਾਰੀਆਂ ਤੋਂ ਸੁਰੱਖਿਅਤ ਹੋ ਵੀ ਸਕਦੇ ਹਨ ਜਾਂ ਨਹੀਂ ਵੀ।

ਆਉਣ ਵਾਲੇ ਮਹੀਨਿਆਂ ਵਿੱਚ, ਅਸੀਂ ਤੁਹਾਨੂੰ ਆਪਣੇ ਬੱਚੇ ਦੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਮੁਲਾਕਾਤ ਤੈਅ ਕਰਨ ਲਈ ਉਤਸ਼ਾਹਤ ਕਰਦੇ ਹਾਂ, ਤਾਂ ਜੋ ਤੁਹਾਡੇ ਬੱਚੇ ਨੂੰ ਵੈਕਸੀਨ(ਟੀਕਾ) ਲਗਾਈ ਜਾ ਸਕੇ। ਆਪਣੇ ਬੱਚੇ ਦੇ ਸਿਹਤ ਦੇਖਭਾਲ ਪ੍ਰਦਾਤਾ ਨੂੰ Wisconsin Immunization Registry (ਵਿਸਕੌਂਨਸਿਨ ਇਮਿਊਨੀਜੇਸ਼ਨ ਰਜਿਸਟਰੀ) ਅਤੇ ਤੁਹਾਡੇ ਕੋਲ ਮੌਜੂਦ ਕਿਸੇ ਵੀ ਟੀਕਾਕਰਨ ਰਿਕਾਰਡਾਂ ਦੀ ਵਰਤੋਂ ਕਰਨ ਲਈ ਉਤਸ਼ਾਹਤ ਕਰੋ ਤਾਂ ਜੋ ਇਹ ਪਤਾ ਕੀਤਾ ਜਾ ਸਕੇ ਕਿ ਤੁਹਾਡੇ ਬੱਚੇ ਨੂੰ ਕਿਹੜੀਆਂ ਵੈਕਸੀਨਾਂ(ਟੀਕਿਆਂ) ਦੀ ਜ਼ਰੂਰਤ ਹੈ। ਜੇ ਤੁਹਾਡੇ ਬੱਚੇ ਦਾ ਕੋਈ ਸਿਹਤ ਦੇਖਭਾਲ ਪ੍ਰਦਾਤਾ ਨਹੀਂ ਹੈ, ਤਾਂ ਕਿਰਪਾ ਕਰਕੇ ਇਹ ਪਤਾ ਲਗਾਉਣ ਲਈ ਆਪਣੇ ਸਥਾਨਕ ਸਿਹਤ ਵਿਭਾਗ ਨਾਲ ਸੰਪਰਕ ਕਰੋ ਕਿ ਕੀ ਤੁਹਾਡਾ ਬੱਚਾ ਸਿਹਤ ਵਿਭਾਗ ਵਿਖੇ ਟੀਕਾਕਰਨ ਕਰਵਾਉਣ ਦੇ ਯੋਗ ਹੈ ਜਾਂ ਨਹੀਂ। ਸਥਾਨਕ ਸਿਹਤ ਵਿਭਾਗ ਦੀ ਸੰਪਰਕ ਜਾਣਕਾਰੀ ਇਸ ਵੈੱਬਸਾਈਟ 'ਤੇ ਦੇਖੀ ਜਾ ਸਕਦੀ ਹੈ: https://www.dhs.wisconsin.gov/lh-depts/counties.htm

ਕਿਰਪਾ ਕਰਕੇ ਇਹ ਜਾਣ ਲਓ ਕਿ ਅਗਲਾ ਸਕੂਲੀ ਸਾਲ ਖ਼ਤਮ ਹੁਣ 'ਤੇ ਤੁਹਾਡੇ ਬੱਚੇ ਦੇ ਟੀਕਾਕਰਨ ਦੇ ਰਿਕਾਰਡਾਂ ਦਾ ਪੁਨਰ-ਮੁਲਾਂਕਣ ਕੀਤਾ ਜਾਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਸਨੂੰ ਉਸਦੇ ਗ੍ਰੇਡ ਪੱਧਰ ਵਾਸਤੇ ਉਚਿੱਤ ਮਾਤਰਾ ਵਿੱਚ Vaccine (ਟੀਕਾ) ਲੱਗੀ ਹੋਈ ਹੈ ਜਾਂ ਫਾਈਲ ਵਿੱਚ ਇਸਦੀ Waiver (ਛੋਟ) ਹੈ। ਜੇ ਤੁਹਾਡੇ ਬੱਚੇ ਵਾਸਤੇ ਉਚਿੱਤ ਦਸਤਾਵੇਜ਼ ਉਪਲਬਧ ਨਹੀਂ ਕਰਵਾਏ ਜਾਂਦੇ, ਤਾਂ ਉਸਨੂੰ ਸਕੂਲ ਤੋਂ ਘਰੇ ਰਹਿਣ ਦੀ ਜ਼ਰੂਰਤ ਪੈ ਸਕਦੀ ਹੈ।

ਵੈਕਸੀਨਾਂ ਅਤੇ ਇਮਿਊਨੀਜੇਸ਼ਨਜ਼ ਬਾਰੇ ਵਧੇਰੇ ਜਾਣਕਾਰੀ ਵਾਸਤੇ, ਕਿਰਪਾ ਕਰਕੇ ਇਸ ਵੈੱਬਸਾਈਟ 'ਤੇ ਜਾਓ: https://www.cdc.gov/vaccines-children/index.html

ਸਾਰੇ Wisconsin (ਵਿਸਕੌਂਨਸਿਨ) ਸਕੂਲੀ ਬੱਚਿਆਂ ਨੂੰ ਉਨ੍ਹਾਂ ਬਿਮਾਰੀਆਂ ਤੋਂ ਸੁਰੱਖਿਅਤ ਰੱਖਣ ਵਿੱਚ ਸਾਡੀ ਮਦਦ ਕਰਨ ਲਈ ਤੁਹਾਡਾ ਧੰਨਵਾਦ, ਜਿੰਨ੍ਹਾਂ ਦੀ ਰੋਕਥਾਮ ਟੀਕਾਕਰਨ ਦੁਆਰਾ ਕੀਤੀ ਜਾ ਸਕਦੀ ਹੈ।